21-7-96

# ਕਲਾ ਦੇ ਝਰੋਖੇ ਤੋਂ

## ਗੁਰਸ਼ਰਨ ਸਿੰਘ

**ਕੁਝ ਸਲੀਬਾਂ ਦੇ ਸੰਗ :** ਜ਼ਿੰਦਗੀ ਦੇ ਕੁਝ ਨਿੱਜੀ ਸਦਮੇ ਐਸੇ ਹੁੰਦੇ ਹਨ, ਜੋ ਬੰਦੇ ਨੂੰ ਜ਼ਿੰਦਗੀ ਦੇ ਮੰਤਵ ਬਾਰੇ ਸੋਚਣ ਲਈ ਮਜਬੂਰ ਕਰਦੇ ਹਨ। ਪੰਜਾਬੀ ਦੇ ਪ੍ਰਸਿੱਧ ਕਹਾਣੀ ਲੇਖਕ ਗੁਰਪਾਲ ਲਿੱਟ ਨਾਲ ਵੀ ਇਹ ਦੁਖਦਾਈ ਹਾਦਸਾ ਵਾਪਰਿਆ ਜਦੋਂ ਉਨ੍ਹਾਂ ਦਾ ਇਕਲੌਤਾ ਅਤੇ ਹੋਣਹਾਰ ਬੇਟਾ ਰਵਨੀਤ ਭਰ ਜਵਾਨੀ ਵਿਚ ਉਨ੍ਹਾਂ ਨੂੰ ਤੋੜ-ਵਿਛੋੜਾ ਦੇ ਗਿਆ। ਉਹਦੀ ਯਾਦ ਨੂੰ ਸਦੀਵੀ ਬਣਾਉਣ ਲਈ ਲਿੱਟ ਨੇ ਰਵਨੀਤ ਲਿੱਟ ਯਾਦਗਾਰੀ ਪ੍ਰਕਾਸ਼ਨਾ ਦੀ ਸਥਾਪਤੀ ਕੀਤੀ ਹੈ (ਸੰਪਰਕ ਪਤਾ: ਗੁਰੂ ਤੇਗ ਬਹਾਦੁਰ ਨਗਰ, ਲਲਹੇੜੀ ਰੋਡ, ਖੰਨਾ -141401) ਉਦੇਸ਼ ਹੈ ਕਿ ਚੰਗੀਆਂ ਅਤੇ ਮਿਆਰੀ ਕਿਤਾਬਾਂ ਬੁੱਕ ਕਲੱਬ ਦੇ ਮੈਂਬਰ ਬਣਾ ਕੇ ਲਾਗਤ ਜਾ ਹੋਰ ਸਾਧਨਾਂ ਰਾਹੀਂ ਲਾਗਤ ਕੀਮਤ 'ਤੇ ਪਾਠਕਾਂ ਤਕ ਪੁਚਾਈਆਂ ਜਾਣ। ਇਸ ਪ੍ਰਕਾਸ਼ਨ ਦੀ ਪਹਿਲੀ ਕਿਤਾਬ ਗੁਰਪਾਲ ਲਿੱਟ ਦਾ ਆਪਣਾ ਕਹਾਣੀ ਸੰਗ੍ਰਹਿ 'ਕੁਝ ਸਲੀਬਾਂ ਦੇ ਸੰਗ' ਹੈ।

ਇਸ ਸੰਗ੍ਰਹਿ ਵਿਚ ਉਹਦੀਆਂ ਪੰਜ ਕਹਾਣੀਆਂ 'ਕੋਠੇ', 'ਜਬ੍ਹਾੜੇ', 'ਫੌਜੀ', 'ਰੇਪ-ਕੇਸ' ਅਤੇ 'ਬਣਵਾਸ' ਹਨ। ਇਨ੍ਹਾਂ ਕਹਾਣੀਆਂ ਵਿਚ ਲਿੱਟ ਨੇ ਜ਼ਿੰਦਗੀ ਦੇ ਕੁਝ ਪਹਿਲੂਆਂ ਦੀ ਬੜੀ ਸੰਵੇਦਨਸ਼ੀਲਤਾ ਨਾਲ ਪੇਸ਼ਕਾਰੀ ਕੀਤੀ ਹੈ। ਸੈਕਸ ਦੇ ਪਰਿਪੇਖ ਵਿਚ ਉਹਨੇ ਮਨੁੱਖ ਦੀਆਂ ਕੁਝ ਮਾਨਸਿਕ ਗੁੰਝਲਾਂ ਨੂੰ ਵਿਸ਼ਾ ਬਣਾਇਆ ਹੈ। ਇਸ ਪ੍ਰਸੰਗ ਵਿਚ ਕਹਾਣੀ 'ਫੌਜੀ' ਇਕ ਸ਼ਾਹਕਾਰ ਕਹਾਣੀ ਹੈ। ਫੌਜੀ ਜ਼ਿੰਦਗੀ ਬਾਰੇ, ਉਨ੍ਹਾਂ ਦੀ ਸੂਰਮਗਤੀ ਬਾਰੇ, ਉਨ੍ਹਾਂ ਦੀ ਆਪਣੇ ਫਰਜ਼ਾਂ ਦੀ ਪਹਿਚਾਣ ਬਾਰੇ, ਪ੍ਰਤੀਬੱਧਤਾ ਬਾਰੇ ਬਣੀਆਂ ਚੰਗੀਆਂ ਕਹਾਣੀਆਂ ਪੜ੍ਹਨ ਨੂੰ ਮਿਲਦੀਆਂ ਹਨ। ਦੂਜੀ ਵੱਡੀ ਜੰਗ ਤੋਂ ਬਾਅਦ ਵਿਸ਼ਵ ਸਾਹਿਤ ਵਿਚ ਕਲਾਸਕੀ ਨਾਵਲ ਇਸ ਵਿਸ਼ੇ 'ਤੇ ਆਏ ਹਨ। ਪਰ ਲਿੱਟ ਨੇ ਫੌਜੀ ਕਹਾਣੀ ਵਿਚ ਇਕ ਫੌਜੀ ਦਾ ਕਿਰਦਾਰ ਲੈ ਕੇ ਅਤੇ ਇਹਦੇ ਨਾਲ ਹੀ ਇਕ ਐਸੇ ਵਿਅਕਤੀ ਦਾ ਕਿਰਦਾਰ ਲੈ ਕੇ ਜਿਸ ਨੂੰ ਇਕੋ ਕਮਰੇ ਵਾਲੇ ਘਰ ਵਿਚ ਸਾਂਝੇ ਟੱਬਰ ਨਾਲ ਰਹਿੰਦੇ ਕਦੀ ਵੀ ਆਪਣੀ ਪਤਨੀ ਨਾਲ ਭਰਪੂਰ ਸਾਥ ਮਾਣਨ ਦਾ ਮੌਕਾ ਨਹੀਂ ਮਿਲਦਾ, ਫੌਜੀ ਜ਼ਿੰਦਗੀ ਦੇ ਇਕ ਅਹਿਮ ਪਹਿਲੂ ਨੂੰ ਰੂਪਮਾਨ ਕੀਤਾ ਹੈ। ਜਿਸ ਸਹਿਜ ਢੰਗ ਨਾਲ ਇਸ ਕਹਾਣੀ ਵਿਚ ਇਹ ਸਭ ਕੁਝ ਕੀਤਾ ਗਿਆ ਹੈ, ਉਹ ਲਿੱਟ ਦੀ ਕਹਾਣੀ ਕਲਾ ਦੀ ਵੱਡੀ ਪ੍ਰਾਪਤੀ ਹੈ। 'ਕੋਠੇ' ਤੇ ਰੇਪ ਕੇਸ' ਵੀ ਆਪਣੇ-ਆਪ ਵਿਚ ਸੈਕਸ ਮਾਨਸਿਕਤਾ ਦਾ ਡੂੰਘਾ ਅਧਿਐਨ ਹਨ ਭਾਵੇਂ ਇਨ੍ਹਾਂ ਦਾ ਪਰਿਪੇਖ ਅੱਜ ਦਾ ਸਮਾਜ ਹੈ। ਜਬ੍ਹਾੜੇ ਅਤੇ ਬਣਵਾਸ ਮਨੁੱਖੀ ਫਿਤਰਤ ਦੇ ਕੁਝ ਐਸੇ ਪੱਖ ਪੇਸ਼ ਕਰਦੀਆਂ ਹਨ ਜੋ ਤੁਹਾਨੂੰ ਜ਼ਿੰਦਗੀ ਨੂੰ ਸਮਝਣ ਦੀ ਸੂਝ ਤੀਖਣ ਕਰਦੀਆਂ ਹਨ। ਕਈ ਪਰਤਾਂ ਵਿਚ ਵਿਚਰਦੀਆਂ ਇਨ੍ਹਾਂ ਕਹਾਣੀਆਂ ਦਾ ਸੰਗ੍ਰਹਿ (ਕੀਮਤ 15 ਰੁਪਏ) ਪੰਜਾਬੀ ਸਾਹਿਤ ਵਿਚ ਇਕ ਗੰਭੀਰ ਵਾਧਾ ਹੈ। ਰਵਨੀਤ ਦੀ ਯਾਦ ਵਿਚ ਬਣਾਇਆ ਇਹ ਸਾਹਿਤਕ ਪ੍ਰਕਾਸ਼ਨ ਅਦਾਰਾ ਪੰਜਾਬੀ ਸਾਹਿਤ ਨੂੰ ਅਮੀਰੀ ਦੇਣ ਵਿਚ ਅਹਿਮ ਹਿੱਸਾ ਪਾਵੇ, ਇਹ ਸਾਡੀ ਇੱਛਾ ਹੈ।

**ਹੇਮਜਯੋਤੀ :** ਸੱਤਰਵਿਆਂ ਦੇ ਦਹਾਕੇ ਵਿਚ ਸੁਰਿੰਦਰ ਦੀ ਸੰਪਾਦਨਾ ਥੱਲੇ ਲੁਧਿਆਣਾ ਤੋਂ ਨਿਕਲਦੇ ਮਾਸਿਕ ਪੱਤਰ 'ਹੇਮਜਯੋਤੀ' ਨੇ ਪੰਜਾਬ ਵਿਚ ਪ੍ਰਗਤੀਸ਼ੀਲ ਅਤੇ ਇਨਕਲਾਬੀ ਸੋਚ ਨੂੰ ਇਕ ਮਜ਼ਬੂਤ ਥੜ੍ਹਾ ਮੁਹੱਈਆ ਕੀਤਾ। ਇਸ ਧਰਤੀ 'ਤੇ ਇਕ ਸਮਾਜਕ ਨਿਆਂ ਵਾਲਾ ਸਮਾਜ ਬਣੇ, ਇਸ ਸੋਚ ਦੇ ਧਾਰਨੀ 'ਹੇਮਜਯੋਤੀ' ਦੇ ਦੁਆਲੇ ਜੁੜੇ। ਡੂੰਘੀ ਸੋਚ ਵਾਲੇ ਵਾਦਵਿਵਾਦ ਵੀ ਛਿੜੇ ਅਤੇ ਬੇਬਾਕ ਹੋ ਕੇ ਲੇਖਕਾਂ ਨੇ ਆਪਣੀਆਂ ਰਚਨਾਵਾਂ ਨਾਲ ਪੰਜਾਬੀ ਸਾਹਿਤ ਵਿਚ ਇਕ ਨਿੱਗਰ ਵਾਧਾ ਕੀਤਾ। ਇਹ ਪੱਤਰ ਵੀ ਅਤੇ ਇਹਦਾ ਐਡੀਟਰ ਸੁਰਿੰਦਰ ਵੀ ਸਮੇਂ ਦੀ ਹਕੂਮਤ ਦੀਆਂ ਨਜ਼ਰਾਂ ਵਿਚ ਰੜਕੇ। ਇਹ ਉਹ ਦੌਰ ਸੀ ਜਦੋਂ ਨਕਸਲਬਾੜੀ ਤੋਂ ਪ੍ਰਭਾਵਤ ਪੰਜਾਬੀ ਸਾਹਿਤ ਵਿਚ ਜੁਝਾਰਵਾਦੀ ਧਾਰਾ ਪ੍ਰਚਲਤ ਹੋਈ। ਹਾਲਾਤ ਦਾ ਤਕਾਜ਼ਾ ਸੀ ਕਿ ਇਹ ਪੱਤਰ ਬੰਦ ਹੋਇਆ ਅਤੇ ਸੁਰਿੰਦਰ ਨੇ ਸਿਆਸੀ ਪਨਾਹਗੀਰ ਦੇ ਆਧਾਰ 'ਤੇ ਜਰਮਨੀ ਹਿਜਰਤ ਕੀਤੀ ਅਤੇ ਉਥੇ ਹੀ ਉਸ ਨੇ ਕੁਝ ਸਾਲ ਪਹਿਲਾਂ ਜ਼ਿੰਦਗੀ ਨੂੰ ਅਲਵਿਦਾ ਕਹੀ।

ਪਿਛਲੇ ਤਿੰਨ ਸਾਲਾਂ ਤੋਂ ਸੁਰਿੰਦਰ ਦੀ ਸੋਚ ਨੂੰ ਅਪਣਾਏ ਉਹਦੇ ਦੋਸਤ ਹਰ ਸਾਲ ਉਹਦੀ ਯਾਦ ਵਿਚ ਇਕੱਠੇ ਹੁੰਦੇ ਹਨ। ਪਲਸ ਮੰਚ ਵਲੋਂ ਹੋਰ ਲੇਖਕ ਸਭਾਵਾਂ ਦੇ ਸਹਿਯੋਗ ਨਾਲ ਇਹ ਸਮਾਗਮ 25 ਜੁਲਾਈ ਦੇ ਨੇੜੇ ਲੁਧਿਆਣਾ ਵਿਚ ਆਯੋਜਿਤ ਕੀਤਾ ਜਾਂਦਾ ਹੈ।

ਪਿਛਲੇ ਸਾਲ ਇਹ ਤਜਵੀਜ਼ ਆਈ ਕਿ 'ਹੇਮਜਯੋਤੀ' ਦੀਆਂ ਚੋਣਵੀਆਂ ਲਿਖਤਾਂ ਕਿਤਾਬੀ ਸ਼ਕਲ ਵਿਚ ਇਕੱਠੀਆਂ ਕੀਤੀਆਂ ਜਾਣ। ਇਸ ਤਜਵੀਜ਼ ਦਾ ਆਧਾਰ ਉਹ ਮਿਸਾਲ ਸੀ, ਜਦੋਂ 1969 ਵਿਚ 'ਨਿਊਮਾਸਿਜ਼' ਮੈਗਜ਼ੀਨ ਦੀਆਂ ਚੋਣਵੀਆਂ ਲਿਖਤਾਂ ਇਕ ਜਿਲਦ ਵਿਚ ਛਪੀਆਂ। 'ਨਿਊਮਾਸਿਜ਼' ਉਹ ਸਪਤਾਹਿਕ ਸੀ ਜੋ ਤੀਹਵਿਆਂ ਵਿਚ ਸੰਸਾਰ ਪੱਧਰ 'ਤੇ ਨਾਜ਼ੀਆਂ ਦੇ ਫਾਸ਼ੀਵਾਦ ਵਿਰੁੱਧ ਆਵਾਜ਼ ਉਠਾਣ ਵਾਲੇ ਲੇਖਕਾਂ ਦਾ ਇਕ ਸਾਹਿਤਕ ਫੋਰਮ ਸੀ, ਜਿਸ ਵਿਚ ਹੈਮਿੰਗਵੇ, ਰੋਮਨ ਰੋਲਾਂ, ਕਾਡਵੈਲ ਵਰਗੇ ਲੇਖਕਾਂ ਦੀਆਂ ਲਿਖਤਾਂ ਛਪਦੀਆਂ ਸਨ। 'ਹੇਮਜਯੋਤੀ' ਦੀਆਂ ਲਿਖਤਾਂ ਦੀ ਪਹਿਲੀ ਜਿਲਦ ਪ੍ਰਸਿੱਧ ਕਹਾਣੀ ਲੇਖਕ ਅਤਰਜੀਤ ਦੀ ਸੰਪਾਦਨਾ ਥੱਲੇ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਛਪ ਗਈ ਹੈ ਤੇ ਇਸ ਸਾਲ ਦੇ ਲੁਧਿਆਣਾ ਵਿਖੇ ਹੋ ਰਹੇ ਸਮਾਗਮ ਵਿਚ ਰਿਲੀਜ਼ ਕੀਤੀ ਜਾਵੇਗੀ। ਇਹ ਸਮਾਗਮ 28 ਜੁਲਾਈ ਨੂੰ ਸਵੇਰੇ 9 ਵਜੇ ਤੋਂ ਦੁਪਹਿਰ ਦੋ ਵਜੇ ਤਕ ਪੰਜਾਬੀ ਭਵਨ ਲੁਧਿਆਣਾ ਵਿਚ ਹੋ ਰਿਹਾ ਹੈ। 'ਹੇਮਜਯੋਤੀ' ਦੀਆਂ ਚੋਣਵੀਆਂ ਕਿਰਤਾਂ ਦਾ ਸੰਗ੍ਰਹਿ ਰਿਲੀਜ਼ ਕਰਨ ਦੇ ਇਲਾਵਾ ਡਾ. ਸੁਰਜੀਤ ਬਰਾੜ ਅਤੇ ਮਾਸਟਰ ਤਰਲੋਚਨ ਸਿੰਘ ਵਲੋਂ ਤਿਆਰ ਕੀਤਾ ਪਰਚਾ 'ਬਦਲਦੇ, ਪਰਿਪੇਖ ਵਿਚ ਸਾਹਿਤ ਦੀ ਭੂਮਿਕਾ, ਪ੍ਰਤੀਬੱਧਤਾ ਅਤੇ ਪਾਸਾਰ ਦਾ ਸੰਕਟ' ਪੇਸ਼ ਕੀਤਾ ਜਾਏਗਾ। ਸੁਰਿੰਦਰ ਹੇਮਜਯੋਤੀ ਪੁਰਸਕਾਰ ਅਜਾਇਬ ਚਿੱਤਰਕਾਰ ਨੂੰ ਭੇਟ ਕੀਤਾ ਜਾਏਗਾ। ਪ੍ਰਬੰਧਕਾਂ ਵਲੋਂ ਸਾਰੇ ਸਾਹਿਤਕਾਰਾਂ ਨੂੰ ਇਸ ਮਹੱਤਵਪੂਰਨ ਸਮਾਗਮ ਲਈ ਸੱਦਾ ਦਿੱਤਾ ਗਿਆ ਹੈ। 'ਹੇਮਜਯੋਤੀ' ਦੀ ਜੋਤ ਜਗਦੀ ਰਹੇ, ਇਹ ਸਮੇਂ ਦੀ ਲੋੜ ਹੈ।